58.

# ਡਾਇਰੈਕਟੋਰੇਟ ਸਿਹਤ ਤੇ ਪਰਿਵਾਰ ਭਲਾਈ, ਪੰਜਾਬ।

## ਪਰਿਵਾਰ ਕਲਿਆਣ ਭਵਨ, ਸੈਕਟਰ-34-ਏ, ਚੰਡੀਗੜ੍ਹ ।

(ਐਮ.ਈ.ਐਮ. ਸ਼ਾਖਾ)

ਵੱਲ

(1) ਸਮੂਹ ਸਿਵਲ ਸਰਜਨ, ਪੰਜਾਬ ਰਾਜ।

(2) ਪ੍ਰਿੰਸੀਪਲ ਟ੍ਰੇਨਿੰਗ ਸਕੂਲ, ਅੰਮ੍ਰਿਤਸਰ, ਮੁਹਾਲੀ, ਨਾਭਾ।

ਨੰ.ਐਮ.ਈ.ਐਮ. ਵਿੰਗ/ਪੀ.ਬੀ./2020/ DSH/NHM/PB/20/3445-66

ਮਿਤੀ, ਚੰਡੀਗੜ੍ਹ 23/4/2020

ਵਿਸ਼ਾ- ਕੋਵਿਡ-19 ਦੀ ਮਹਾਂਮਾਰੀ ਸਬੰਧੀ ਜਾਗਰੂਕਤਾ ਅਤੇ ਕਾਊਂਸਲਿੰਗ ਕਰਨ ਬਾਰੇ।

ਹਵਾਲਾ- ਮੀਮੋ ਨੰ. ਪੀ.ਐਸ.ਐਮ.ਐਚ.ਸੀ./ਪੰਜਾਬ/2020/1102 ਮਿਤੀ, ਚੰਡੀਗੜ੍ਹ,8-4-2020

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਆਪ ਅਧੀਨ ਕੰਮ ਕਰਦੇ ਮਾਸ ਮੀਡੀਆ ਵਿੰਗ ਦੇ ਜਿਲ੍ਹਾ ਪੱਧਰ ਤੇ ਜਿਲ੍ਹਾ ਮਾਸ ਐਜੂਕੇਸ਼ਨ ਅਤੇ ਇਨਫਾਰਮੇਸ਼ਨ ਅਫਸਰ, ਡਿਪਟੀ ਮਾਸ ਮੀਡੀਆ ਅਫਸਰ, ਬੀ.ਸੀ.ਸੀ. ਕੋਆਰਡੀਨੇਟਰ ਅਤੇ ਬਲਾਕ ਪੱਧਰ ਤੇ ਬਲਾਕ ਐਕਸਟੈਂਸ਼ਨ ਐਜੂਕੇਟਰ ਨੂੰ ਆਮ ਲੋਕਾਂ ਵਿਚ ਕੋਰੋਨਾ ਮਹਾਂਮਾਰੀ ਤੋਂ ਬਚਾਅ ਸਬੰਧੀ ਹੇਠ ਲਿਖੇ ਅਨੁਸਾਰ ਗਤੀਵਿਧੀਆਂ ਕਰਨ ਦੀ ਹਦਾਇਤ ਕੀਤੀ ਜਾਵੇ-

1. ਆਪਣੇ ਆਪਣੇ ਏਰੀਏ ਦੇ ਅਧੀਨ ਆਉਂਦੇ **OOAT Clinic**/ਨਸ਼ਾ ਛਡਾਊ ਕੇਂਦਰਾਂ ਵਿਚ ਦਵਾਈ ਲੈਣ ਆਏ ਮਰੀਜ਼ਾਂ ਨੂੰ ਕੋਰੋਨਾ ਦੀ ਬਿਮਾਰੀ ਬਾਰੇ ਸਿਹਤ ਸਿਖਿਆ ਦਿੱਤੀ ਜਾਵੇ ਅਤੇ ਸਮਾਜਿਕ ਦੂਰੀ ਬਾਰੇ ਵੀ ਜਾਗਰੂਕ ਕੀਤਾ ਜਾਵੇ।
2. ਏਰੀਏ ਅਧੀਨ ਆਉਂਦੀਆਂ ਦਾਣਾ ਮੰਡੀਆਂ ਵਿਚ ਵੀ ਸਮਾਜਿਕ ਦੂਰੀ ਅਤੇ ਕੋਰੋਨਾ ਮਹਾਂਮਾਰੀ ਦੇ ਸਬੰਧ ਵਿਚ ਸਰਕਾਰ ਵੱਲੋਂ ਪ੍ਰਾਪਤ ਹਦਾਇਤਾਂ ਦੀ ਪਾਲਣਾ ਬਾਰੇ ਜਾਗਰੂਕ ਕੀਤਾ ਜਾਵੇ।
3. ਕੋਰੋਨਾ ਦੀ ਬਿਮਾਰੀ ਤੋਂ ਬਚਾਅ ਲਈ ਏਕਾਂਤਵਾਸ ਵਿਚ ਰੱਖੇ ਗਏ ਵਿਅਕਤੀਆਂ ਨੂੰ ਲੋੜੀਂਦੀ ਸਿਹਤ ਸਿਖਿਆ ਅਤੇ ਕਾਊਂਸਲਿੰਗ ਦਿੱਤੀ ਜਾਵੇ।
4. ਕੋਰੋਨਾ ਦੀ ਬਿਮਾਰੀ ਸਬੰਧੀ ਵੱਧ ਤੋਂ ਵੱਧ ਪ੍ਰੈਸ ਕਵਰੇਜ ਕਰਵਾਈ ਜਾਵੇ ਤਾਂ ਜੋ ਆਮ ਲੋਕਾਂ ਨੂੰ ਸਰਕਾਰ ਦੀਆਂ ਕੋਰੋਨਾ ਸਬੰਧੀ ਹਦਾਇਤਾਂ ਬਾਰੇ ਜਾਗਰੂਕ ਕੀਤਾ ਜਾ ਸਕੇ।

ਉਪਰੋਕਤ ਅਨੁਸਾਰ ਕੀਤੀਆਂ ਗਤੀਵਿਧੀਆਂ ਦਾ ਰਿਕਾਰਡ ਰੱਖਣਾ ਯਕੀਨੀ ਬਣਾਇਆ ਜਾਵੇ ਅਤੇ ਰੋਜ਼ਾਨਾ ਮੀਡੀਆ ਕਵਰੇਜ ਰਿਪੋਰਟ **memwing.dhsfw@gmail.com** ਤੇ ਈ-ਮੇਲ ਕੀਤੀ ਜਾਵੇ ਜਾਂ ਮਾਸ ਮੀਡੀਆ ਵਿੰਗ ਦੇ ਵਟਸਐਪ ਗਰੁੱਪ ਵਿਚ ਪਾਈ ਜਾਵੇ।

Sd/-

ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ,

ਚੰਡੀਗੜ੍ਹ। 23/4/2020

ਨੰ.ਐਮ.ਈ.ਐਮ. ਵਿੰਗ/ਪੀ.ਬੀ./2020/ DSH/NHM/PB/20/3467-70 ਮਿਤੀ, ਚੰਡੀਗੜ੍ਹ- 23/4/2020.

ਉਤਾਰਾ-

1) ਨਿਜੀ ਸਕੱਤਰ/ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ।
2) ਪੀ.ਏ./ ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ।
3) ਪੀ.ਏ./ ਡਾਇਰੈਕਟਰ, ਸਿਹਤ ਸੇਵਾਵਾਂ(ਪਰਿਵਾਰ ਭਲਾਈ), ਪੰਜਾਬ।
4) ਸਟੇਟ ਮਾਸ ਮੀਡੀਆ ਅਤੇ ਸਿਖਿਆ ਅਫਸਰ, ਦਫਤਰ ਡੀ.ਐਚ.ਐਸ. ਪੰਜਾਬ।

Sd/-

ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ,

ਚੰਡੀਗੜ੍ਹ। 23/4/2020